ਪੰਜਾਬ ਸਰਕਾਰ

ਸਕੂਲ ਸਿੱਖਿਆ ਵਿਭਾਗ

ਪਬਲਿਕ ਨੋਟਿਸ

ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਦੁਆਰਾ ਮਿਤੀ 23-09-2009 ਨੂੰ ਵੱਖ-ਵੱਖ ਕਾਡਰ ਦੀਆਂ 7654 ਅਸਾਮੀਆਂ ਪ੍ਰਕਾਸਿਤ ਕੀਤੀਆਂ ਸਨ, ਜਿਹਨਾਂ ਵਿੱਚੋ ਹਿੰਦੀ ਮਾਸਟਰ/ਮਿਸਟ੍ਰੈਸ ਦੀਆ 713 ਅਸਾਮੀਆਂ ਵੀ ਸ਼ਾਮਲ ਸਨ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੁਆਰਾ ਐਲ. ਪੀ. ਏ. ਨੰ: 999 ਆਫ 2013 ਪੰਜਾਬ ਸਰਕਾਰ ਬਨਾਮ ਜਿਓਤੀ ਜਿੰਦਲ ਅਤੇ ਐਲ. ਪੀ. ਏ. ਨੰ: 1000 ਆਫ 2013 ਪੰਜਾਬ ਸਰਕਾਰ ਬਨਾਮ ਸ਼ਵੇਤਾ ਵਿਜਵੇਸ਼ਵਰ ਅਤੇ ਹੋਰ ਦੇ ਕੇਸਾਂ ਵਿੱਚ ਮਿਤੀ 21-05-2013 ਨੂੰ ਦਿਤੇ ਹੁਕਮਾਂ ਅਨੁਸਾਰ ਹਿੰਦੀ ਮਾਸਟਰ/ਮਿਸਟ੍ਰੈਸ ਦੀ ਜਨਰਲ ਕਟੈਗਰੀ ਦੀ ਪ੍ਰੋਵਿਜਨਲ ਕੱਟ ਆਫ ਮੈਰਿਟ 62.3667 ਤੋ 62.1167 ਵਿਚਕਾਰ ਦਰਜ ਉਮੀਦਵਾਰਾਂ ਨੂੰ ਮਿਤੀ 11-06-2013 ਨੂੰ ਸਥਾਨ: ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਫੇਜ-3 ਬੀ-1, ਮੋਹਾਲੀ ਵਿਖੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਹੇਠ ਲਿਖਿਆ ਸ਼ਰਤਾਂ ਅਨੁਸਾਰ ਬੁਲਾਇਆ ਜਾਦਾ ਹੈ :-

1. ਉਮੀਦਵਾਰ ਮਿਥੇ ਸਥਾਨ ਅਤੇ ਮਿਤੀ ਨੂੰ ਮੁਕੰਮਲ ਅਸਲ ਦਸਤਾਵੇਜਾਂ ਅਤੇ ਇਹਨਾਂ ਦੀ ਇੱਕ ਤਸਦੀਕ ਸੁਦਾ ਫੋਟੋਕਾਪੀ ਸਮੇਤ ਸਕਰੂਟਨੀ ਵਿੱਚ ਹਾਜ਼ਰ ਹੋਣਾ ਯਕੀਨੀ ਬਣਾਉਣ।

2. ਇਹ ਸੱਦਾ ਇਸ ਸੱਕਰੂਟਨੀ ਲਈ ਆਖਰੀ ਸੱਦਾ ਹੈ ਅਤੇ ਇਸ ਤੋ ਬਾਦ ਕਿਸੇ ਵੀ ਉਮੀਦਵਾਰ ਦਾ ਕਲੇਮ ਕਿਸੇ ਵੀ ਹਾਲਾਤ ਵਿੱਚ ਨਹੀ ਵਿਚਾਰੀਆਂ ਜਾਵੇਗਾ।

3. ਵਿਗਿਆਪਨ ਮਿਤੀ 23-09-2009 ਅਤੇ ਇਸ ਸਬੰਧੀ ਵੱਖ-ਵੱਖ ਸਮੇ ਤੇ ਦਿਤੇ ਗਏ ਪਬਲਿਕ ਨੋਟਿਸਾਂ ਵਿੱਚ ਦਰਜ ਸ਼ਰਤਾ ਅਤੇ ਇਸ ਮੁਦੇ ਤੇ ਵਿਭਾਗ ਵੱਲੋ ਦਾਇਰ ਕੀਤੀ ਐਲ.ਪੀ.ਏ / ਅਪੀਲ ਵਿੱਚ ਮਾਨਯੋਗ ਹਾਈ ਕੋਰਟ ਦਾ ਫੈਸਲਾ ਅਤੇ ਇਸ ਭਰਤੀ ਸਬੰਧੀ ਮਾਨਯੋਗ ਅਦਾਲਤਾਂ ਵਿਚ ਚਲ ਰਹੇ ਵੱਖ ਵੱਖ ਕੇਸਾ ਦਾ ਫੈਸਲਾ ਇਸ ਸਕਰੂਟਨੀ ਤੇ ਲਾਗੂ ਹੋਵੇਗਾ।

4 ਉਕਤ ਨੋਟਿਸ ਵਿੱਚ ਦਰਜ ਕੱਟ ਆਫ ਪੋਵਿਜਨਲ ਮੈਰਿਟ ਦੇ ਆਧਾਰ ਤੇ ਇਹ ਨਿਸਚਿਤ ਨਹੀ ਹੈ ਕਿ ਉਮੀਦਵਾਰ ਨਿਯੁਕਤੀ ਦਾ ਹਕਦਾਰ ਹੈ। ਉਮੀਦਵਾਰਾਂ ਦੀ ਅੰਤਮ ਮੈਰਿਟ ਸੂਚੀ ਉਹਨਾਂ ਦੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਕਰਨ ਉਪਰੰਤ ਹੀ ਤਿਆਰ ਕੀਤੀ ਜਾਵੇਗੀ ।

5. ਇਹ ਨਿਯੁਕਤੀਆਂ ਕਾਉਸਲਿੰਗ ਉਪਰੰਤ ਇਸ ਸਰਤ ਤੇ ਦਿੱਤੀਆਂ ਜਾਣਗੀਆਂ ਕਿ ਇਹਨਾਂ ਨਿਯੁਕਤੀਆਂ ਸਬੰਧੀ ਸਰਕਾਰ ਵੱਲੋ ਪੱਤਰ ਨੰ 4/292/2012-2ਸਿ4/35481 ਮਿਤੀ 21-03-2013 ਰਾਹੀ ਚੋਕਸੀ ਵਿਭਾਗ, ਪੰਜਾਬ ਨੂੰ ਦਿੱਤੀ ਇੰਨਕੁਆਰੀ ਦੇ ਜੋ ਵੀ ਸਿਟੇ ਨਿਕਲਣਗੇ ਉਹ ਇਹਨਾ ਨਿਯੁਕਤੀਆਂ ਤੇ ਲਾਗੂ ਹੋਣਗੇ।

ਸਹੀ/-

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।